# ਮਹਾਨ ਰਹਿਬਰ, ਕ੍ਰਾਂਤੀਕਾਰੀ, ਜਗਤਗੁਰੂ ਸਾਹਿਬ ਸਤਿਗੁਰੂ ਰਵਿਦਾਸ ਮਹਾਰਾਜ ਜੀ ਦਾ ਗੁਰਪੁਰਬ ਗੁਰੂਘਰ ਪਿਟਸਬਰਗ ਵਿਖੇ ਬੜੀ ਧੂਮ ਧਾਮ ਨਾਲ ਮਨਾਇਆ ਗਿਆ

## ਰਵੀਦਾਸ ਗੁਰੂ ਘਰ ਪਿਟਸਬਰਗ ਦੇ ਪ੍ਰਬੰਧਕਾਂ ਨੇ ਸੰਗਤਾਂ ਨੂੰ ਕੌਮ ਦੀ ਚੜ੍ਹਦੀ ਕਲਾ ਤੇ ਕੌਮੀ ਮਸਲਿਆਂ ਨੂੰ ਗੰਭੀਰਤਾ, ਏਕਤਾ ਅਤੇ ਸੰਘਰਸ਼ ਜਾਰੀ ਰੱਖਣ ਲਈ ਪ੍ਰੇਰਿਆ



ਪ੍ਰੋਗਰਾਮ ਦੌਰਾਨ ਪ੍ਰਧਾਨ ਰਾਮ ਪ੍ਰਕਾਸ਼ ਰਾਜੂ, ਫਾਊਂਡਰ ਮੈਂਬਰ ਓਮ ਪ੍ਰਕਾਸ਼ ਬਾਲੀ ਸੰਗਤ ਨੂੰ ਸੰਬੋਧਨ ਕਰਦੇ ਹੋਏ ਅਤੇ ਸਮਾਰੋਹ ਦਾ ਆਨੰਦ ਮਾਣ ਰਹੀ ਸੰਗਤ, ਜਿਸ ਵਿਚ ਸੁਖਰਾਜ ਚੋਪੜਾ, ਬਲਵੀਰ ਮੱਲ ਸਾਬਕਾ ਚੇਅਰਮੈਨ, ਬੀਬੀ ਸੁਰਜੀਤ ਕੌਰ ਹਜ਼ੂਰੀ ਰਾਗੀ, ਜੌਰਜ ਭਾਟੀਆ, ਕੁੰਦਨ ਪਾਲ, ਧਰਮਪਾਲ, ਵਿਨੋਦ ਚੁੰਬਰ ਵੀ ਨਜ਼ਰ ਆ ਰਹੇ ਹਨ।

**ਪਿਟਸਬਰਗ(ਕੈਲੀਫੋਰਨੀਆਂ)/ ਅੰਮ੍ਰਿਤਸਰ ਟਾਈਮਜ਼ ਬਿਊਰੋ** : ਮਹਾਨ ਰਹਿਬਰ, ਕ੍ਰਾਂਤੀਕਾਰੀ, ਜਗਤਗੁਰੂ ਸਾਹਿਬ ਸਤਿਗੁਰੂ ਰਵਿਦਾਸ ਮਹਾਰਾਜ ਜੀ ਦਾ ਗੁਰਪੁਰਬ ਗੁਰੂਘਰ ਪਿਟਸਬਰਗ ਵਿਖੇ 31 ਜਨਵਰੀ 2010 ਐਤਵਾਰ ਨੂੰ ਬੜੀ ਧੂਮ ਧਾਮ ਨਾਲ ਮਨਾਇਆ ਗਿਆ ਜਿਸ ਵਿੱਚ ਹਜਾਰਾਂ ਸੰਗਤਾਂ ਨੇ ਹਾਜਰੀਆਂ ਭਰੀਆਂ। ਅਖੰਡ ਪਾਠ ਜੀ ਦੇ ਭੋਗ ਉਪਰੰਤ ਕੀਰਤਨ ਦੀਵਾਨ ਸਜਾਇਆ ਗਿਆ ਜਿਸ ਵਿੱਚ ਕੀਰਤਨੀ ਜਥਾ ਭਾਈ ਹਰਬਲਾਸ ਸਿੰਘ, ਬੀਬੀ ਸੁਰਜੀਤ ਕੌਰ, ਭਾਈ ਬਲਦੇਵ ਸਿੰਘ, ਗੁਰਨਾਮ ਸਿੰਘ, ਗੀਤ ਸੰਗੀਤ ਦੀ ਦੁਨੀਆ ਦੇ ਪ੍ਰਸਿੱਧ ਬੰਟੀ ਬਾਵਾ, ਸੁਖਦੇਵ ਸਾਹਿਲ ਦਾ ਮਿਊਜੀਕਲ ਗਰੁੱਪ, ਢਾਡੀ ਜਥਾ ਭਾਈ ਗੁਰਨਾਮ ਸਿੰਘ ਭੰਡਾਲ, ਸੇਵਕ ਦਾਸ, ਬੀਬੀ ਕਮਲਜੀਤ ਭਾਟੀਆ, ਬੀਬੀ ਸਤਨਾਮ ਕੌਰ ਨੇ ਅਪਣੇ ਸ਼ਬਦ ਕੀਰਤਨ, ਕਥਾ ਅਤੇ ਧਾਰਮਿਕ ਗੀਤਾਂ ਰਾਂਹੀਂ ਸੰਗਤਾਂ ਨੂੰ ਨਿਹਾਲ ਕੀਤਾ। ਗੁਰੂ ਘਰ ਦੇ ਜਨਰਲ ਸਕੱਤਰ ਕਮਲ ਦੇਵ ਪਾਲ ਅਤੇ ਸੰਤੋਖ ਰੱਲ੍ਹ ਨੇ ਸੰਗਤਾਂ ਨੂੰ ਗੁਰੂ ਜੀ ਦੇ ਮਾਨਵਤਵਾਦ, ਸਮਤਾ, ਸਮਾਨਤਾ, ਸਾਦਗੀ, ਸੇਵਾ ਅਤੇ ਕ੍ਰਾਂਤੀਕਾਰੀ ਸੋਚ ਦਾ ਵੱਧ ਤੋ ਵੱਧ ਪ੍ਰਚਾਰ ਕਰਨ ਲਈ ਪ੍ਰੇਰਿਆ ਅਤੇ ਕਿਹਾ ਕਿ ਉਚ ਨੀਚ, ਜਾਤ ਪਾਤ ਅਤੇ ਨਸਲਾਂ ਦੇ ਅਧਾਰ ਤੇ ਵੰਡੀ ਹੋਈ ਮਨੁੱਖਤਾ ਨੂੰ ਅੱਜ ਫਿਰ ਏਕਤਾ ਦੀ ਲੜੀ ਵਿੱਚ ਪ੍ਰੋਣ ਲਈ ਗੁਰੂ ਜੀ ਦੇ ਸਾਂਝੀਵਾਲਤਾ ਅਤੇ ਭਾਈਚਾਰੇ ਦੇ ਸ਼ੰਦੇਸ਼ ਨੂੰ ਪ੍ਰਚਾਰਨ ਅਤੇ ਗੁਰਬਾਣੀ ਦੇ ਰੂਪ ਵਿੱਚ ਅਨਮੋਲ ਸਿਖਿਆ ਉਪਰ ਅਮਲ ਕਰਨ ਦੀ ਲੋੜ ਹੈ। ਇਸ ਮੌਕੇ ਤੇ ਗੁਰੂ ਘਰ ਦੇ ਸੇਵਾਦਾਰ ਹਰਮੇਸ਼ ਗੁੱਡੂ, ਦਸ਼ਵਿੰਦਰ ਪਾਲ, ਓਮ ਪ੍ਰਕਾਸ਼ ਬਾਲੀ, ਬੰਸੀ ਲਾਲ ਬੰਗੜ, ਕੇਵਲ ਬੋਲੀਨਾ ਅਤੇ ਰਾਜ ਕੁਮਾਰ ਸੂਦ ਜੀ ਨੇ ਤਕਰੀਰਾਂ ਰਾਂਹੀਂ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ ਚਰਨਾਂ ਵਿੱਚ ਸ਼ਰਧਾ ਦੇ ਫੁੱਲ ਭੇਟ ਕੀਤੇ। ਸੰਗਤਾਂ ਨੂੰ ਸੰਬੋਧਿਤ ਕਰਦੇ ਹੋਏ ਸਾਰੇ ਬੁਲਾਰਿਆਂ ਨੇ ਸ੍ਰੀ ਗੁਰੂ ਰਵਿਦਾਸ ਸਭਾ ਪਿਟਸਬਰਗ ਦੇ ਇਕੱਠ ਦੀਆਂ ਵਧਾਈਆਂ ਦਿੱਤੀਆਂ। ਉਨ੍ਹਾਂ ਕਿਹਾ ਕਿ ਆਪਾਂ ਸਾਰੇ ਗੁਰੂ ਰਵਿਦਾਸ ਜੀ ਨੂੰ ਸਹੀ ਤੌਰ ਤੇ ਆਪਣੀ ਸ਼ਰਧਾ ਦੇ ਫੁੱਲ ਭੇਟ ਕਰਨ ਵਾਸਤੇ ਉਨ੍ਹਾਂ ਵਲੋਂ (ਪੂਰੇ 633 ਸਾਲ) ਪਹਿਲਾਂ ਸਿਰਜੇ ਬੇਗਮਪੁਰੇ (ਗਮਾਂ, ਦੁੱਖਾਂ ਤੋਂ ਰਹਿਤ) ਦੇ ਸੰਕਲਪ ਨੂੰ ਆਪਣੀ ਸੋਚ

ਬਾਕੀ ਸਫ਼ਾ 25 'ਤੇ

# ਗੁਰਦਵਾਰਾ ਸਾਹਿਬ ਫਰੀਮਾਂਟ ਦੀ ਸੰਗਤ ਨੇ ਹੇਤੀ ਦੇ ਭੁਚਾਲ ਪੀੜ੍ਹਤਾਂ ਦੀ ਮਦਦ ਲਈ ਕਲਿੰਟਨ-ਬੁੱਸ਼ ਕਮੇਟੀ ਨੂੰ ਦਿੱਤਾ 16 ਹਜਾਰ ਡਾਲਰ

**ਫਰੀਮਾਂਟ/ਅੰਮ੍ਰਿਤਸਰ ਟਾਈਮਜ਼ ਬਿਊਰੋ :** ਗੁਰਦਵਾਰਾ ਸਾਹਿਬ ਫਰੀਮਾਂਟ ਕੈਲੀਫੋਰਨੀਆ ਦੀ ਸੰਗਤ ਵਲੋਂ ਹੇਤੀ ਦੇਸ਼ ਵਿੱਚ ਆਏ ਭਿਆਨਕ ਭੁਚਾਲ ਕਾਰਨ ਉਥੇ ਦੇ ਲੋਕਾਂ ਲਈ ਨਕਦ ਦਾਨ ਦਿੱਤਾ ਗਿਆ । ਵਰਨਣਯੋਗ ਹੈ ਕਿ ਪਿਛਲੇ ਦਿਨੀਂ ਹੇਤੀ ਵਿੱਚ ਆਏ ਭੁਚਾਲ ਨਾਲ ਲੋਕਾਂ ਦੀ ਜਿੰਦਗੀ ਤਹਿਸ ਨਹਿਸ ਹੋ ਗਈ ਹੈ ਤੇ ਇਸ ਆਫਤ ਕਾਰਨ ਲੱਖਾਂ ਕੋਲ ਮਾਰੇ ਗਏ ਅਤੇ ਅਣਗਿਣਤ ਜ਼ਖ਼ਮੀ ਅਤੇ ਘਰੋ ਬੇਘਰ ਹੋ ਗਏ ਇਸ ਭਿਆਨਕ ਕੁਦਰਤੀ ਕਹਿਰ ਨੂੰ ਪੂਰੀ ਦੂਨੀਆ ਵਲੋਂ ਪ੍ਰਭਾਵਿਤ ਲੋਕਾ ਦੀ ਮਦਦ ਲਈ ਕੰਮ ਕੀਤਾ ਜਾ ਰਿਹਾ ਹੈ । ਇਸ ਸਬੰਧ ਵਿੱਚ ਗੁਰਦਵਾਰਾ ਸਾਹਿਬ ਫਰੀਮਾਂਟ ਕੈਲੀਫੋਰਨੀਆ ਵਿਖੇ ਸੀਨੀਅਰ ਸਿਟੀਜਨ ਬਜੁਰਗਾਂ ਵਲੋ ਸ.ਮਲਕੀਅੱਤ ਸਿੰਘ ਧਾਲੀਵਾਲ ਦੀ ਅਗਵਾਈ ਵਿੱਚ ਸੰਗਤਾਂ ਦੇ ਸਹਿਯੋਗ ਨਾਲ ਫੰਡ ਰੇਜਿੰਗ ਕੀਤਾ ਗਿਆ ਜਿਸ ਦਾ ਸੰਗਤਾਂ ਨੇ ਭਰਵਾਂ ਹੁਗਾਰਾ ਦਿੱਤਾ ਅਤੇ $16000 ਡਾਲਰ ਇਕੱਠਾ ਕਰਕੇ ਅਮਰੀਕਾ ਦੇ ਪ੍ਰੈਜੀਡੈਂਟ ਬਰਾਕ ਉਬਾਮਾ ਵਾਈਟ ਹਾਉਸ ਵਾਸ਼ਿੰਗਟਨ ਡੀ ਸੀ ਵਲੋਂ ਬਣਾਈ ਕਮੇਟੀ ਕਲਿੰਟਨ-ਬੁਸ਼ ਕਮੇਟੀ ਨੂੰ ਫਰੀਮਾਂਟ ਕੈਲੀਫੋਰਨੀਆ ਦੇ ਮੇਅਰ ਬਾਬ ਵਾਸ਼ਰਮੈਨ ਰਾਹੀਂ ਭੇਜਿਆ ਗਿਆ।ਇਸ ਮੌਕੇ ਸਿੱਖ ਭਾਈਚਾਰੇ ਦੇ ਸੀਨੀਅਰ ਸਿਟੀਜਨ ਤੇ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਤੀਨਿਧੀ ਵੀ ਸਾਮਿਲ ਸਨ।




ਫਰੀਮਾਂਟ ਦੇ ਮੇਅਰ ਬਾਬ ਵਾਸ਼ਰਮੈਨ ਨੂੰ ਗੁਰਦਵਾਰਾ ਸਾਹਿਬ ਫਰੀਮਾਂਟ ਦੀ ਬਜੁਰਗ ਸੰਗਤ ਅਤੇ ਗੁਰਦਵਾਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਸਾਧ ਸੰਗਤ ਦੇ ਸਾਈਨਾਂ ਵਾਲਾ 16 ਹਜ਼ਾਰ ਡਾਲਰ ਦਾ ਚੈਕ ਭੇਟ ਕਰਦੇ ਸਮੇਂ।

# 'ਬਾਬਾ ਨਿਰਮਲ ਦਾਸ ਜੀ ਬਾਬਾ ਜੋੜਾ ਰਾਏਪੁਰ ਵਲੋਂ ਲਿਆ ਸਟੈਂਡ ਸ਼ਲਾਘਾਯੋਗ'

## ਕੁਝ ਭੁੱਲੜ ਵੀਰਾਂ ਵਲੋਂ ਕਾਸ਼ੀ ਵਿੱਚ ਲਿਆ ਗਿਆ ਫੈਸਲਾ ਭਗਤ ਰਵਿਦਾਸ ਜੀ ਦੀਆਂ ਸਿਖਿਆਵਾਂ ਅਨੁਸਾਰ ਨਹੀਂ : ਭਾਈ ਜਸਵੰਤ ਸਿੰਘ ਹੋਠੀ

### ਅਕਾਲੀ ਦਲ (ਪੰਚ ਪ੍ਰਧਾਨੀ) ਵਲੋਂ ਬਾਬਾ ਨਿਰਮਲ ਦਾਸ ਜੀ ਨੂੰ ਹਰ ਤਰ੍ਹਾਂ ਦੇ ਸਹਿਯੋਗ ਦਾ ਭਰੋਸਾ

ਸੈਨਹੋਜੇ/ਅੰਮ੍ਰਿਤਸਰ ਟਾਈਮਜ਼ ਬਿਊਰੋ : ਅਮਰੀਕਨ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸੀਨੀਅਰ ਮੀਤ ਪ੍ਰਧਾਨ ਅਤੇ ਸਿੱਖ ਆਗੂ ਭਾਈ ਜਸਵੰਤ ਸਿੰਘ ਹੋਠੀ ਨੇ ਬਾਬਾ ਨਿਰਮਲ ਦਾਸ ਜੀ ਬਾਬਾ ਜੋੜਾ ਰਾਏਪੁਰ ਵਲੋਂ ਲਏ ਗਏ ਸਟੈਂਡ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਇਹੋ ਜਿਹੇ ਮਹਾਂਪੁਰਸ਼ਾਂ ਦੀ ਕੌਮ ਨੂੰ ਲੋੜ ਹੈ ਜੋ ਲੋੜ ਪੈਣ ਸਮੇਂ ਸਿੱਖੀ ਸਿਧਾਂਤ ਉਪਰ ਪਹਿਰਾ ਦੇ ਸਕਣ। ਇੱਥੇ ਜਾਰੀ ਇੱਕ ਲਿਖਤੀ ਪ੍ਰੈਸ ਬਿਆਨ ਰਾਹੀਂ ਭਾਈ ਹੋਠੀ ਨੇ ਕਿਹਾ ਕਿ ਬਾਬਾ ਨਿਰਮਲ ਦਾਸ ਜੀ ਬਾਬਾ ਜੋੜਾ ਵੱਲੋਂ ਗਿਆ ਸਟੈਂਡ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਆਸ਼ੇ ਅਤੇ ਇਸ ਵਿੱਚ ਸ਼ਾਮਲ ਗੁਰੂਆਂ ਅਤੇ ਭਗਤਾਂ ਦੀ ਬਾਣੀ ਦੇ ਅਨੁਸਾਰ ਹੈ। ਉਨ੍ਹਾਂ ਕਿਹਾ ਕਿ ਕੁਝ ਭੁੱਲੜ ਵੀਰਾਂ ਵੱਲੋਂ ਕਾਸ਼ੀ (ਉੱਤਰ ਪ੍ਰਦੇਸ਼, ਭਾਰਤ)ਵਿਚ ਲਿਆ ਗਿਆ ਇਹ ਫੈਸਲਾ ਕਿ ਭਗਤ ਰਵਿਦਾਸ ਜੀ ਦਾ ਵੱਖਰਾ ਗ੍ਰੰਥ, ਵੱਖਰਾ ਨਿਸ਼ਾਨ ਅਤੇ ਵੱਖਰਾ ਧਰਮ ਹੋਵੇਗਾ ਬੜਾ ਮੰਦਭਾਗਾ ਹੈ। ਇਸ ਫੈਸਲੇ ਦੀ ਸਭ ਪਾਸੇ ਤੋਂ ਹੋਈ ਨਿਖੇਧੀ ਨੇ ਇਸ ਗੱਲ ਦਾ ਨਿਰਣਾ ਕਰ ਦਿੱਤਾ ਹੈ ਕਿ ਇਹ ਫੈਸਲਾ ਸ਼੍ਰੋਮਣੀ ਭਗਤ ਰਵਿਦਾਸ ਜੀ ਦੇ ਪੈਰੋਕਾਰ ਨਹੀਂ ਕਰ ਸਕਦੇ। ਦੂਸਰੇ ਪਾਸੇ ਬਾਬਾ ਨਿਰਮਲ ਦਾਸ ਜੀ ਅਤੇ ਗਿਆਨ ਚੰਦ ਜੀ ਨੇ ਜਲੰਧਰ ਵਿਖੇ ਇਕ ਕਾਨਫਰੰਸ ਕਰਕੇ ਆਪਣੇ ਫੈਸਲਾ ਦਿੱਤਾ ਹੈ ਕਿ ਸਾਡਾ ਪਿਤਾ ਗੁਰੂ ਗ੍ਰੰਥ ਸਾਹਿਬ ਹੀ ਹਨ ਅਤ ਸਾਨੂੰ ਜੀਵਨ ਸੇਧ ਗੁਰੂ ਗ੍ਰੰਥ ਵਿਚੋਂ ਹੀ ਲੈਣੀ ਚਾਹੀਦੀ ਹੈ। ਬਾਬਾ ਨਿਰਮਲ ਦਾਸ ਜੀ ਨੇ ਜੋ ਕੰਮ ਆਪਣੀ ਜ਼ਿੰਦ ਵਿਚ ਮਨੁੱਖਤਾ ਦੇ ਭਲੇ ਲਈ ਕੀਤੇ ਹਨ। ਉਨ੍ਹਾਂ ਦੀ ਜਿੰਨੀ ਵੀ ਸ਼ਲਾਘਾ ਕੀਤੀ ਜਾਵੇ ਥੋੜੀ ਹੈ।



ਪਿੰਡਾਂ ਵਿਚ ਗਰੀਬ ਲੋੜਵੰਦ ਪਰਿਵਾਰਾਂ ਲਈ ਹਸਪਤਾਲ ਬਣਾਉਣੇ, ਛੋਟੇ ਬੱਚਿਆ ਦੇ ਵਿਦਿਆਲੇ ਖੋਲ੍ਹਣੇ, ਬੱਚਿਆਂ ਨੂੰ ਗੁਰਬਾਣੀ ਦੇ ਕੀਰਤਨ ਸਿਖਾਉਣੇ ਅਤੇ ਹਰ ਇਕ ਨੂੰ ਗੁਰਬਾਣੀ ਨਾਲ ਜੋੜਨਾ ਆਦਿ। ਭਾਈ ਹੋਠੀ ਨੇ ਕਿਹਾ ਕਿ ਆਉਣ ਵਾਲੇ ਸਮੇਂ ਵਿਚ ਅਸੀਂ ਬਾਬਾ ਨਿਰਮਲ ਦਾਸ ਜੀ ਨੂੰ ਬੇਨਤੀ ਵੀ ਕਰਾਂਗੇ ਅਤੇ ਅਰਦਾਸ ਵੀ ਕਰਦੇ ਹਾਂ ਕਿ ਉਹ ਹਮੇਸ਼ਾ ਇਹੋ ਜਿਹੇ ਫੈਸਲਿਆਂ ਵਿਚ ਆਪਣਾ ਸਟੈਂਡ ਇਸ ਤਰ੍ਹਾਂ ਹੀ ਰੱਖਣ ਜਿਵੇਂ ਇਸ ਸਮੇਂ ਲਿਆ ਹੈ। ਬਾਬਾ ਨਿਰਮਲ ਦਾਸ ਜੀ ਦੇ ਬਿਆਨ ਦੀ ਪ੍ਰੋੜਤਾ ਗੁਰਦੁਆਰਾ ਸਾਹਿਬ ਫਰੀਮਾਂਟ, ਗੁਰਦੁਆਰਾ ਦਸਮੇਸ਼ ਦਰਬਾਰ ਟਰੇਸੀ, ਗੁਰਦੁਆਰਾ ਸਾਹਿਬ ਸਟਾਕਨ ਸਿੱਖ ਯੂਥ ਆਫ਼ ਅਮਰੀਕਾ, ਭਾਈ ਰੇਸ਼ਮ ਸਿੰਘ, ਡਾ. ਪ੍ਰਿਤਪਾਲ ਸਿੰਘ ਕੋਆਰਡੀਨੇਟਰ ਅਮਰੀਕਨ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸਿੱਖ ਯੂਥ ਆਫ਼ ਅਮਰੀਕਾ, ਜਸਜੀਤ ਸਿੰਘ ਅਤੇ ਹੋਰ ਬਹੁਤ ਸਾਰੀਆਂ ਜਥੇਬੰਦੀਆਂ ਨੇ ਕੀਤੀ। ਇਸੇ ਦੌਰਾਨ ਪੰਜਾਬ ਤੋਂ ਪ੍ਰਾਪਤ ਜਾਣਕਾਰੀ ਅਨੁਸਾਰ ਅਕਾਲੀ ਦਲ (ਪੰਚ ਪ੍ਰਧਾਨੀ) ਦੇ ਸੀਨੀਅਰ ਨੇਤਾ ਭਾਈ ਹਰਪਾਲ ਸਿੰਘ ਚੀਮਾ ਆਪਣੇ ਸਾਥੀਆਂ ਸਮੇਤ ਬਾਬਾ ਨਿਰਮਲ ਦਾਸ ਜੀ ਬਾਬਾ ਜੋੜਾ ਰਾਏਪੁਰ ਵਾਲਿਆਂ ਨੂੰ ਮਿਲਣ ਗਏ ਅਤੇ ਉਨ੍ਹਾਂ ਨੂੰ ਹਰ ਤਰ੍ਹਾਂ ਦੀ ਸਹਿਯੋਗ ਦੇਣ ਲਈ ਵੀ ਕਿਹਾ।